بِسْمِ اللّٰهِ الرَّحْمٰنِ الرَّحِيْمِ نَحْمَدُهٗ وَنُصَلِّیْ عَلٰی رَسُوْلِهِ الْکَرِیْمِ وَعَلٰی عَبْدِهِ الْمَسِیْحِ الْمَوْعُوْدِ
لَا اِلٰهَ اِلَّا اللّٰهُ مُحَمَّدٌ رَّسُوْلُ اللّٰهِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA
Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਜੰਗੇ ਬਨੂ ਕੁਰੇਜ਼ਾ ਦੀ ਰੌਸ਼ਨੀ ਵਿੱਚ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੀ ਜੀਵਨੀ

ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼. 25 ਅਕਤਬਰ 2024 ਮਸਜਿਦ ਮਬਾਰਕ. ਇਸਲਾਮਾਬਾਦ ਟਿਲਫ਼ੋਰਡ. ਯ.ਕੇ

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ اِيَّاكَ نَعْبُدُ وَ اِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ اَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁੱਦ, ਤਾਉਜ਼ ਅਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਬਨੂ ਕੁਰੇਜ਼ਾ ਦੇ ਅਹਦ ਤੋੜ੍ਹਨ ਉੱਤੇ ਜੰਗੇ ਅਹਜ਼ਾਬ ਦੇ ਬਾਦ ਉਨ੍ਹਾਂ ਕਿਲ੍ਹਿਆਂ ਦੇ ਘੇਰਾਓ ਕੀਤੇ ਜਾ ਰਹੇ ਸਨ ਤਾਂ ਕਿ ਉਨ੍ਹਾਂ ਨੂੰ ਮੁਸਲਮਾਨਾਂ ਨੂੰ ਨੁਕਸਾਨ ਪਹੁੰਚਾਉਣ ਅਤੇ ਅਹਦ ਤੋੜ੍ਹਨ ਦੀ ਸਜ਼ਾ ਦਿੱਤੀ ਜਾਵੇ। ਇਸ ਦਾ ਜ਼ਿਕਰ ਹੋ ਰਿਹਾ ਸੀ। ਇਸ ਦਾ ਹੋਰ ਵਿਸਥਾਰ ਇੰਝ ਹੈ ਕਿ ਜੱਦ ਘੇਰਾਓ ਸਖਤ ਹੋ ਗਿਆ ਤਾਂ ਬਨੂ ਕੁਰੇਜ਼ਾ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਫੈਸਲੇ ਉੱਤੇ ਕਿਲ੍ਹਿਆਂ ਤੋਂ ਉੱਤਰ ਗਏ।

ਘੇਰਾਓ ਦੇ ਬਾਰੇ ਵਿੱਚ 15, 14 ਅਤੇ 25 ਦਿਨ ਦੀਆਂ ਵੱਖੋ ਵੱਖ ਸਾਖੀਆਂ ਹਨ। ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਨੇ ਵੱਖੋ ਵੱਖ ਤਾਰੀਖਾਂ ਦੀਆਂ ਸਾਖੀਆਂ ਤੋਂ ਲੈ ਕੇ ਇਸ ਘੇਰਾਓ ਦਾ ਸਮਾਂ ਘੱਟੋ ਘੱਟ 20 ਦਿਨ ਬਿਆਨ ਕੀਤਾ ਹੈ। ਇਸ ਫੈਸਲੇ ਵਿੱਚ ਹਜ਼ਰਤ ਸਾਅਦ ਬਿਨ ਮੁਆਜ਼ ਰਜ਼ੀ ਅੱਲਾਹ ਅੰਨਹੁ ਨੂੰ ਕਾਜ਼ੀ ਬਣਾਇਆ ਗਿਆ। ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਯਹੂਦੀਆਂ ਨੂੰ ਕੈਦ ਕਰਨ ਦੇ ਆਦੇਸ਼ ਉੱਤੇ ਉਨ੍ਹਾਂ ਨੂੰ ਰੱਸੀਆਂ ਨਾਲ ਬੰਨ੍ਹ ਦਿੱਤਾ ਗਿਆ ਅਤੇ ਔਰਤਾਂ ਤੇ ਬੱਚਿਆਂ ਨੂੰ ਵੱਖ ਕਰ ਦਿੱਤਾ ਗਿਆ। ਉਨ੍ਹਾਂ ਦੇ ਕਿਲ੍ਹਿਆਂ ਤੋਂ 1500 ਤਲਵਾਰਾਂ, 300 ਢਾਲਾਂ, 2000 ਨੇਜ਼ੇ, 1500 ਚਮੜ੍ਹੇ ਦੀਆਂ ਢਾਲਾਂ ਅਤੇ ਬਹੁਤ ਸਾਰੇ ਭਾਂਡੇ ਮਿਲੇ। ਊਂਠ ਅਤੇ ਹੋਰ ਜਾਨਵਰ ਵੀ ਪਾਏ ਗਏ। ਜੋ ਸਭ ਦੇ ਸਭ ਜਮ੍ਹਾਂ ਕਰ ਲਏ ਗਏ। ਓਸ ਕਬੀਲਾ ਦੇ ਬੁਜ਼ੁਰਗਾਂ ਨੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੂੰ ਕਿਹਾ ਕਿ ਬਨੂ ਕੁਰੇਜ਼ਾ ਸਾਡੇ ਦੋਸਤ ਹਨ। ਆਪ ਸੱਲਲਾਹੁ ਅਲੈਹਿ ਵੱਸਲਮ ਉਨ੍ਹਾਂ ਨੂੰ ਸਾਡੇ ਲਈ ਬਖਸ਼ ਦੇਣ। ਉਨ੍ਹਾਂ ਦੀ ਬਿਨਤੀ ਉੱਤੇ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਫ਼ਰਮਾਇਆ ਕਿ ਕੀ ਤੁਸੀਂ ਇਸ ਗੱਲ੍ਹ ਉੱਤੇ ਰਾਜ਼ੀ ਹੋ ਕਿ ਉਨ੍ਹਾਂ ਸੰਬੰਧੀ ਫੈਸਲਾ ਤੁਹਾਡੇ ਵਿੱਚੋਂ ਹੀ ਇੱਕ ਵਿਅਕਤੀ ਦੇ ਹਵਾਲੇ ਕੀਤਾ ਜਾਵੇ ? ਉਨ੍ਹਾਂ ਦੇ ਕਬੂਲ ਕਰਨ ਉੱਤੇ ਇਹ ਮਾਮਲਾ ਹਜ਼ਰਤ ਸਾਅਦ ਬਿਨ ਮੁਆਜ਼ ਰਜ਼ੀ ਅੱਲਾਹ ਅੰਨਹੁ ਦੇ ਹਵਾਲੇ ਕੀਤਾ ਗਿਆ। ਇੱਕ ਦੂਜੀ ਸਾਖੀ ਅਨੁਸਾਰ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਫ਼ਰਮਾਇਆ ਕਿ ਮੇਰੇ ਸਹਾਬੀਆਂ ਵਿੱਚੋਂ ਜਿਸ ਨੂੰ ਚਾਹੋ ਚੁਣ ਲਓ। ਤੱਦ ਉਨ੍ਹਾਂ ਨੇ ਹਜ਼ਰਤ ਸਾਅਦ ਬਿਨ ਮੁਆਜ਼ ਰਜ਼ੀ ਅੱਲਾਹ ਅੰਨਹੁ ਨੂੰ ਚੁਣਿਆ। ਹਜ਼ਰਤ ਸਾਅਦ ਰਜ਼ੀ ਅੱਲਾਹ ਅੰਨਹੁ ਓਸ ਕਬੀਲੇ ਦੇ ਸਰਦਾਰ ਸਨ ਅਤੇ ਬਨੂ ਕੁਰੇਜ਼ਾ ਦੇ ਦੋਸਤ ਸਨ। ਇਸ ਲਈ ਉਨ੍ਹਾਂ ਦਾ ਖਿਆਲ ਸੀ ਕਿ ਮਾਮਲਾ ਸਾਡੇ ਹੱਥ ਵਿੱਚ ਹੈ ਅਤੇ ਅਰਬ ਦੇ ਤਰੀਕ ਅਨੁਸਾਰ ਹਜ਼ਰਤ ਸਾਅਦ ਰਜ਼ੀ ਅੱਲਾਹ ਅੰਨਹੁ ਆਪਣੇ ਦੋਸਤ ਕਬੀਲੇ ਲਈ ਨਰਮੀ ਕਰਨਗੇ। ਪਰ ਹਜ਼ਰਤ ਸਾਅਦ ਰਜ਼ੀ ਅੱਲਾਹ ਅੰਨਹੁ ਦਾ ਪਵਿੱਤਰ ਅਤੇ ਸ਼ਰਧਾਵਾਨ ਦਿਲ ਰੱਬ ਅਤੇ ਉਸ ਦੇ ਰਸੂਲ ਸੱਲਲਾਹੁ ਅਲੈਹਿ ਵੱਸਲਮ ਨੂੰ ਹੀ ਸਭ ਰਿਸ਼ਤੀਆਂ ਅਤੇ ਸੰਬੰਧਾਂ ਉੱਤੇ ਪਹਿਲ ਦਿੰਦਾ ਸੀ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਇਸ ਸੰਬੰਧੀ ਲਿੱਖਦੇ ਹਨ ਕਿ ਕਬੀਲਾ ਓਸ ਦੇ ਕੁੱਝ ਲੋਕਾਂ ਨੇ ਹਜ਼ਰਤ ਸਾਅਦ ਰਜ਼ੀ ਅੱਲਾਹ ਅੰਨਹੁ ਉੱਤੇ ਜ਼ੋਰ ਪਾਇਆ ਕਿ ਬਨੂ ਕੁਰੇਜ਼ਾ ਸਾਡੇ ਦੋਸਤ ਹਨ ਅਤੇ ਜਿਵੇਂ ਖਜ਼ਰਜ ਨੇ ਆਪਣੇ ਦੋਸਤ ਕਬੀਲੇ ਬਨੂ ਕੈਨਕਆ ਨਾਲ ਨਰਮੀ ਕੀਤੀ ਸੀ। ਤੁਸੀਂ ਵੀ ਬਨੂ ਕੁਰੇਜ਼ਾ ਨਾਲ ਨਰਮੀ ਦਾ ਮਾਮਲਾ ਕਰੋ ਅਤੇ ਉਨ੍ਹਾਂ ਨੂੰ ਸਖਤ ਸਜ਼ਾ ਨ ਦੇਣਾ। ਸਾਅਦ ਰਜ਼ੀ ਅੱਲਾਹ ਅੰਨਹੁ ਪਹਿਲਾਂ ਤਾਂ ਚੁੱਪ ਰਹੇ। ਪਰ ਉਨ੍ਹਾਂ ਦੇ ਬਹੁਤ ਕਹਿਣ ਉੱਤੇ ਕਿਹਾ ਕਿ ਇਹ ਉਹ ਸਮਾਂ ਹੈ ਕਿ ਸਾਅਦ ਇਸ ਸਮੇਂ ਹੱਕ ਅਤੇ ਇੰਨਸਾਫ ਦੇ ਮਾਮਲੇ ਵਿੱਚ ਕਿਸੇ ਕੋਸਣ ਵਾਲੇ ਦੀਆਂ ਗੱਲ੍ਹਾਂ ਦੀ ਚਿੰਤਾ ਨਹੀਂ ਕਰ ਸਕਦਾ। ਇਹ ਉੱਤਰ ਸੁਣ ਕੇ ਲੋਕ ਚੁੱਪ ਹੋ ਗਏ। ਹਜ਼ਰਤ ਸਾਅਦ ਬਿਨ ਮੁਆਜ਼ ਰਜ਼ੀ ਅੱਲਾਹ ਅੰਨਹੁ ਨੇ ਦੋਵੇਂ ਪਾਸਿਓਂ ਆਪਣੇ ਫੈਸਲੇ ਨੂੰ ਕਬੂਲ ਕਰਨ ਦੇ ਵਚਨ ਦੇ ਅਹਦ ਦੇ ਬਾਦ ਆਪਣਾ ਫੈਸਲਾ ਸੁਣਾਇਆ ਕਿ ਬਨੂ ਕੁਰੇਜ਼ਾ ਦੇ ਲੜ੍ਹਾਕੂ ਕਤਲ ਕਰ ਦਿੱਤੇ ਜਾਣਗੇ ਅਤੇ ਉਨ੍ਹਾਂ ਦੀਆਂ ਔਰਤਾਂ ਤੇ ਬੱਚੇ ਕੈਦ ਕਰ ਲਏ ਜਾਣਗੇ ਅਤੇ ਉਨ੍ਹਾਂ ਦੇ ਮਾਲ ਮੁਸਲਮਾਨਾਂ ਵਿੱਚ ਵੰਡ ਦਿੱਤੇ ਜਾਣਗੇ। ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਫੈਸਲਾ ਸੁਣਿਆ ਤਾਂ ਫ਼ਰਮਾਇਆ : ਤੁਹਾਡਾ ਇਹ ਫੈਸਲਾ ਰੱਬੀ ਮੁਕੱਦਰ ਹੈ। ਇਨ੍ਹਾਂ ਸ਼ਬਦਾਂ ਨਾਲ ਆਪ ਸੱਲਲਾਹੁ ਅਲੈਹਿ ਵੱਸਲਮ ਦਾ ਇਹ ਅਰਥ ਸੀ ਕਿ ਬਨੂ ਕੁਰੇਜ਼ਾ ਸੰਬੰਧੀ ਇਸ ਫੈਸਲੇ ਵਿੱਚ ਸਾਫ ਤੌਰ ਉੱਤੇ ਰੱਬੀ ਇੱਛਾ ਨਜ਼ਰ ਆਉਂਦੀ ਹੈ ਅਤੇ ਇਸ ਨਾਲ ਆਪ ਦਾ ਜਜ਼ਬਾ ਰਹਿਮ ਉਸ ਨੂੰ ਰੋਕ ਨਹੀਂ ਸਕਦਾ। ਇੱਕ ਸਾਖੀ ਵਿੱਚ ਹੈ ਕਿ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਹਜ਼ਰਤ ਸਾਅਦ ਰਜ਼ੀ ਅੱਲਾਹ ਅੰਨਹੁ ਦੇ ਫੈਸਲੇ ਬਾਰੇ ਫ਼ਰਮਾਇਆ : ਇਸੇ ਫੈਸਲੇ ਸੰਬੰਧੀ ਮੈਨੂੰ ਫਰਸ਼ਤੇ ਨੇ ਸਹਰੀ ਦੇ ਸਮੇਂ ਦੱਸਿਆ ਸੀ। ਹਜ਼ਰਤ ਸਾਅਦ ਰਜ਼ੀ ਅੱਲਾਹ ਅੰਨਹੁ ਦੇ ਫੈਸਲੇ ਦੇ ਬਾਦ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ 09 ਜ਼ੁਲ-ਹਿੱਜਾ ਅਤੇ ਇੱਕ ਸਾਖੀ ਅਨੁਸਾਰ 07 ਜ਼ੁਲ-ਹਿੱਜਾ ਨੂੰ ਵੀਰਵਾਰ ਦੇ ਦਿਨ ਮਦੀਨਾ ਪਰਤ ਆਏ। ਆਪ ਸੱਲਲਾਹੁ ਅਲੈਹਿ ਵੱਸਲਮ ਦੇ ਆਦੇਸ਼ ਅਨੁਸਾਰ ਕੈਦੀਆਂ ਨੂੰ ਮਦੀਨਾ ਵਿੱਚ ਹਜ਼ਰਤ ਉਸਾਮਾ ਬਿਨ ਜ਼ੈਦ ਰਜ਼ੀ ਅੱਲਾਹ ਅੰਨਹੁ ਦੇ ਘਰ ਅਤੇ ਔਰਤਾਂ ਤੇ ਬੱਚਿਆਂ ਨੂੰ ਹਜ਼ਰਤ ਰਮਲਾ ਬਿਨਤੇ ਹਾਰਸ ਰਜ਼ੀ ਅੱਲਾਹ ਅੰਨਹੁ ਦੇ ਘਰ ਲੈ ਕੇ ਆਏ ਅਤੇ ਸਹਾਬਾ ਬਨੂ ਕੁਰੇਜ਼ਾ ਦੇ ਖਾਣ ਲਈ ਫ਼ਲ ਲੈ ਕੇ ਆਏ ਅਤੇ ਲਿੱਖਿਆ ਹੈ ਕਿ ਯਹੂਦੀਆਂ ਨੇ ਰਾਤ ਭਰ ਫ਼ਲ ਖਾਦੇ। ਹਜ਼ਰਤ ਸਾਅਦ ਰਜ਼ੀ ਅੱਲਾਹ ਅੰਨਹੁ ਦੇ ਇਸ ਫੈਸਲੇ ਉੱਤੇ ਗੈਰ ਅਤੇ ਆਰੋਪ ਲਾਉਣ ਵਾਲੇ ਅਤੇ ਕਈ ਵਾਰ ਲੋਕ ਸਾਡੇ ਨੌਜਵਾਨਾਂ ਨੂੰ ਵੀ ਇਹ ਕਹਿ ਕੇ ਖਰਾਬ ਕਰਦੇ ਹਨ ਕਿ ਬਨੂ ਕੁਰੇਜ਼ਾ ਉੱਤੇ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਜ਼ੁਲਮ ਕੀਤਾ। ਇਸ ਦਾ ਇੱਕ ਸਪੱਸ਼ਟ ਉੱਤਰ ਇਹ ਹੈ ਕਿ ਇਹ ਫੈਸਲਾ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਨਹੀਂ ਕੀਤਾ ਸੀ। ਸਗੋਂ ਰੱਬ ਨੇ ਇਹ ਫੈਸਲਾ ਉਨ੍ਹਾਂ ਦੇ ਦੋਸਤ ਤੋਂ ਕਰਵਾਇਆ ਸੀ ਅਤੇ ਇਸ ਵਿੱਚ ਵੀ ਆਪ ਸੱਲਲਾਹੁ ਅਲੈਹਿ ਵੱਸਲਮ ਤੋਂ ਵੀ ਪੱਕਾ ਅਹਦ ਲਿਆ ਸੀ। ਇਸ ਮੌਕੇ ਉੱਤੇ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਇਹ ਫ਼ਰਮਾਇਆ ਕਿ ਜੇਕਰ ਯਹੂਦੀਆਂ ਵਿੱਚੋਂ ਮੇਰੇ ਉੱਤੇ 10 ਵੱਡੇ ਬੰਦੇ ਈਮਾਨ ਲੈ ਆਉਂਦੇ ਤਾਂ ਮੈਂ ਰੱਬ ਤੋਂ ਉਮੀਦ ਰੱਖਦਾ ਸੀ ਕਿ ਇਹ ਸਾਰੀ ਕੌਮ ਮੈਨੂੰ ਮੰਨ ਲੈਂਦੀ ਅਤੇ ਰੱਬੀ ਪ੍ਰਕੋਪ ਤੋਂ ਬੱਚ ਜਾਂਦੀ।

ਦੂਜੇ ਦਿਨ ਸਵੇਰੇ ਹਜ਼ਰਤ ਸਾਅਦ ਬਿਨ ਮੁਆਜ਼ ਰਜ਼ੀ ਅੱਲਾਹ ਅੰਨਹੁ ਦੇ ਫੈਸਲੇ ਉੱਤੇ ਅਮਲ ਹੋਣਾ ਸੀ। ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਆਪ ਵੀ ਨੇੜੇ ਹੀ ਇੱਕ ਥਾਂ ਉੱਤੇ ਬਹਿ ਗਏ ਤਾਂ ਕਿ ਜੇਕਰ ਫੈਸਲੇ ਉੱਤੇ ਅਮਲ ਕਰਨ ਸਮੇਂ ਕੋਈ ਗੱਲ੍ਹ ਅਜਿਹੀ ਪੈਦਾ ਹੋਵੇ। ਜਿਸ ਵਿੱਚ ਆਪ ਸੱਲਲਾਹੁ ਅਲੈਹਿ ਵੱਸਲਮ ਦੀ ਹਦਾਯਤ ਦੀ ਲੋੜ੍ਹ ਹੋਵੇ ਤਾਂ ਆਪ ਸੱਲਲਾਹੁ ਅਲੈਹਿ ਵੱਸਲਮ ਛੇਤੀ ਨਾਲ ਹਦਾਯਤ ਦੇ ਸਕਣ। ਭਾਵੇਂ ਹਜ਼ਰਤ ਸਾਅਦ ਰਜ਼ੀ ਅੱਲਾਹ ਅੰਨਹੁ ਦੇ ਫੈਸਲੇ ਦੀ ਅਪੀਲ ਅਦਾਲਤੀ ਰੰਗ ਵਿੱਚ ਆਪ ਸੱਲਲਾਹੁ ਅਲੈਹਿ ਵੱਸਲਮ ਦੇ ਸਾਮ੍ਹਣੇ ਪੇਸ਼ ਨਹੀਂ ਹੋ ਸਕਦੀ ਸੀ। ਪਰ ਇੱਕ ਬਾਦਸ਼ਾਹ ਜਾਂ ਪ੍ਰਧਾਨ ਵੱਜੋਂ ਆਪ ਸੱਲਲਾਹੁ ਅਲੈਹਿ ਵੱਸਲਮ ਕਿਸੇ ਵਿਅਕਤੀ ਸੰਬੰਧੀ ਕਿਸੇ ਖਾਸ ਕਾਰਣ ਕਰਕੇ ਰਹਿਮ ਦੀ ਅਪੀਲ ਜ਼ਰੂਰ ਸੁਣ ਸਕਦੇ ਸਨ।

ਆਪ ਸੱਲਲਾਹੁ ਅਲੈਹਿ ਵੱਸਲਮ ਨੇ ਰਹਿਮ ਦੇ ਜਜ਼ਬੇ ਨਾਲ ਇਹ ਵੀ ਫ਼ਰਮਾਇਆ ਕਿ ਮੁਜਰਿਮਾਂ ਨੂੰ ਵੱਖੋ ਵੱਖ ਕਤਲ ਕੀਤਾ ਜਾਵੇ। ਅਰਥਾਤ ਇੱਕ ਦੇ ਕਤਲ ਦੇ ਸਮੇਂ ਦੂਜਾ ਮੁਜਰਿਮ ਸਾਮ੍ਹਣੇ ਨ ਹੋਵੇ। ਜੱਦ ਬਨੂ ਨਜ਼ੀਰ ਦਾ ਸਰਦਾਰ ਹੁਯ੍ਹਈ ਬਿਨ ਅਖਤਬ ਆਇਆ ਤਾਂ ਆਪ ਸੱਲਲਾਹੁ ਅਲੈਹਿ ਵੱਸਲਮ ਵੱਲ੍ਹ ਵੇਖ ਕੇ ਕਹਿਣ ਲੱਗਿਆ ਕਿ ਹੇ ਮੁਹੱਮਦ ! ਮੈਨੂੰ ਇਹ ਅਫਸੋਸ ਨਹੀਂ ਹੈ ਕਿ ਮੈਂ ਤੁਹਾਡੀ ਵਿਰੋਧਤਾ ਕਿਉਂ ਕੀਤੀ। ਪਰ ਗੱਲ੍ਹ ਇਹ ਹੈ ਕਿ ਜੋ ਰੱਬ ਨੂੰ ਛੱਡਦਾ ਹੈ। ਰੱਬ ਵੀ ਉਸ ਨੂੰ ਛੱਡ ਦਿੰਦਾ ਹੈ। ਇਹ ਉਸੇ ਦਾ ਆਦੇਸ਼ ਹੈ। ਇੰਞ ਹੀ ਬਨੂ ਕੁਰੇਜ਼ਾ ਦੇ ਸਰਦਾਰ ਕਾਅਬ ਬਿਨ ਅਸਦ ਨੂੰ ਜੱਦ ਕਤਲ ਦੇ ਮੈਦਾਨ ਵਿੱਚ ਲੈ ਕੇ ਆਏ ਤਾਂ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਉਸ ਨੂੰ ਸੰਕੇਤਕ ਰੂਪ ਵਿੱਚ ਮੁਸਲਮਾਨ ਹੋਣ ਦੀ ਤਹਰੀਕ ਕੀਤੀ। ਉਸ ਨੇ ਕਿਹਾ ਕਿ ਹੇ ਅਬੂ ਕਾਸਮ ! ਮੈਂ ਮੁਸਲਮਾਨ ਤਾਂ ਹੋ ਜਾਂਦਾ। ਪਰ ਲੋਕ ਕਹਿਣਗੇ ਕਿ ਮੌਤ ਤੋਂ ਡਰ ਗਿਆ। ਸੋ, ਮੈਨੂੰ ਯਹੂਦੀ ਧਰਮ ਉੱਤੇ ਹੀ ਮਰਨ ਦਿਓ।

ਇਸ ਜੰਗ ਦੇ ਨਤੀਜੇ ਵਿੱਚ ਜਮ੍ਹਾਂ ਹੋਣ ਵਾਲੇ ਮਾਲ ਨੂੰ ਵੀ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਸਹਾਬੀਆਂ ਵਿੱਚ ਵੰਡ ਦਿੱਤਾ ਅਤੇ ਕੁੱਝ ਔਰਤਾਂ ਨੂੰ ਵੀ ਹਿੱਸਾ ਦਿੱਤਾ ਗਿਆ। ਕੈਦੀਆਂ ਨਾਲ ਸੰਬੰਧਿਤ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਨੇ ਵੱਖੋ ਵੱਖ ਇਤਿਹਾਸਿਕ ਕਿਤਾਬਾਂ ਵਿੱਚੋਂ ਬਹੁਤ ਖੋਜ ਦੇ ਬਾਦ ਲਿੱਖਿਆ ਹੈ ਕਿ ਕੁੱਝ ਸਾਖੀਆਂ ਤੋਂ ਪਤਾ ਲੱਗਦਾ ਹੈ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਉਨ੍ਹਾਂ ਨੂੰ ਨਜਦ ਵੱਲ੍ਹ ਭੇਜ ਦਿੱਤਾ ਸੀ ਜਿੱਥੇ ਕੁੱਝ ਨਜਦੀ ਕਬੀਲੀਆਂ ਨੇ ਉਨ੍ਹਾਂ ਦਾ ਖ਼ੂਨ ਬਹਾ ਅਦਾ ਕਰਕੇ ਉਨ੍ਹਾਂ ਨੂੰ ਛੱਡਾ ਲਿਆ ਸੀ ਅਤੇ ਇਹ ਵੀ ਸੰਭਵ ਹੈ ਕਿ ਇਸ ਰਕਮ ਨਾਲ ਮੁਸਲਮਾਨਾਂ ਨੇ ਆਪਣੀ ਜੰਗੀ ਜ਼ਰੂਰਤਾਂ ਲਈ ਘੋੜ੍ਹੇ ਅਤੇ ਹਥਿਆਰ ਖਰੀਦੇ ਸਨ। ਕਿਉਂਕਿ ਨਜਦੀ ਕਬੀਲੀਆਂ ਅਤੇ ਬਨੂ ਨਜ਼ੀਰ ਇੱਕ ਦੂਜੇ ਦੇ ਦੋਸਤ ਸਨ। ਪਰ ਸਹੀ ਸਾਖੀਆਂ ਤੋਂ ਪਤਾ ਲੱਗਦਾ ਹੈ ਕਿ ਇਹ ਕੈਦੀ ਮਦੀਨਾ ਵਿੱਚ ਹੀ ਰਹੇ ਸਨ ਅਤੇ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਉਨ੍ਹਾਂ ਨੂੰ ਤਰੀਕ ਅਨੁਸਾਰ ਵੱਖੋ ਵੱਖ ਸਹਾਬੀਆਂ ਦੀ ਨਿਗਰਾਨੀ ਵਿੱਚ ਵੰਡ ਦਿੱਤਾ ਸੀ। ਉਨ੍ਹਾਂ ਵਿੱਚੋਂ ਕੁੱਝ ਨੇ ਆਪਣਾ ਖ਼ੂਨ ਬਹਾ ਅਦਾ ਕਰਕੇ ਆਜ਼ਾਦੀ ਪ੍ਰਾਪਤ ਕਰ ਲਈ ਸੀ ਅਤੇ ਕੁੱਝ ਨੂੰ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਇੰਞ ਹੀ ਕਿਰਪਾਲਤਾ ਕਰਦੇ ਹੋਏ ਛੱਡ ਦਿੱਤਾ ਸੀ। ਇਹ ਲੋਕ ਬਾਦ ਵਿੱਚ ਹਲਕੇ ਹਲਕੇ ਮੁਸਲਮਾਨ ਹੋ ਗਏ।

ਇਸ ਮੌਕੇ ਉੱਤੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਇੱਕ ਅਜਿਹਾ ਆਦੇਸ਼ ਦਿੱਤਾ। ਜੋ ਆਪ ਸੱਲਲਾਹੁ ਅਲੈਹਿ ਵੱਸਲਮ ਦੇ ਵੱਡੇ ਰਹਿਮ ਅਤੇ ਔਰਤਾਂ ਲਈ ਕਿਰਪਾਲੂ ਹੋਣ ਵੱਜੋਂ ਸੁਰਖ ਸਿਆਹੀ ਨਾਲ ਲਿੱਖਣ ਯੋਗ ਹੈ। ਆਪ ਸੱਲਲਾਹੁ ਅਲੈਹਿ ਵੱਸਲਮ ਨੇ ਫ਼ਰਮਾਇਆ ਕਿ ਜੋ ਵੀ ਕੋਈ ਔਰਤ ਵੰਡੀ ਜਾਵੇ ਜਾਂ ਵੇਚੀ ਜਾਵੇ। ਜੇਕਰ ਉਸ ਦੇ ਨਾਲ ਨਿੱਕਾ ਬੱਚਾ ਜਾਂ ਬੱਚੀ ਹੋਵੇ ਤਾਂ ਉਸ ਨੂੰ ਉਸ ਦੀ ਮਾਂ ਤੋਂ ਵੱਖ ਨ ਕੀਤਾ ਜਾਵੇ। ਜੱਦ ਤੱਕ ਕਿ ਉਹ ਜਵਾਨ ਨ ਹੋ ਜਾਣ ਅਤੇ ਇੰਞ ਹੀ ਜੇਕਰ ਦੋ ਨਿੱਕੀਆਂ ਭੈਣਾ ਹੋਣ ਤਾਂ ਉਨ੍ਹਾਂ ਨੂੰ ਵੀ ਜਵਾਨ ਹੋਣ ਤੱਕ ਵੱਖ ਨ ਕੀਤਾ ਜਾਵੇ। ਇਹ ਸੀ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦਾ ਅਮਲ ਅਤੇ ਆਪ ਸੱਲਲਾਹੁ ਅਲੈਹਿ ਵੱਸਲਮ ਦਾ ਔਰਤਾਂ, ਕੈਦੀਆਂ ਅਤੇ ਆਪਣੇ ਵਿਰੋਧੀਆਂ ਨਾਲ ਸਲੂਕ ਅਤੇ ਅੱਜ ਕੱਲ੍ਹ ਮੁਸਲਮਾਨ ਦਾ ਕੀ ਹਾਲ ਹੈ ਕਿ ਰੱਬ ਅਤੇ ਰਸੂਲ ਦੇ ਨਾਂ ਉੱਤੇ ਲੋਕਾਂ ਨੂੰ ਘਰੋਂ ਬੇਘਰ ਕਰ ਰਹੇ ਹਨ। ਕੱਢ ਰਹੇ ਹਨ ਕਤਲ ਕਰ ਰਹੇ ਹਨ ਅਤੇ ਫਿਰ ਉਸ ਦਾ ਨਤੀਜਾ ਇਹੀ ਨਿਕਲ ਰਿਹਾ ਹੈ ਕਿ ਮੁਸਲਮਾਨਾਂ ਦੀ ਆਪਣੀ ਇੱਜ਼ਤ ਖਤਮ ਹੋ ਰਹੀ ਹੈ। ਰੱਬ ਇੰਨ੍ਹਾਂ ਮੁਸਲਮਾਨਾਂ ਨੂੰ ਵੀ ਅਕਲ ਅਤੇ ਸਮਝ ਬਖਸ਼ੇ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَأْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ